# ਗੁਪਤਤਾ

Department of Health, Disability and Ageing [ਸਿਹਤ, ਅਪੰਗਤਾ ਅਤੇ ਬਿਰਧ ਦੇਖਭਾਲ ਵਿਭਾਗ] (ਵਿਭਾਗ) ਆਸਟ੍ਰੇਲੀਆਈ ਸਰਕਾਰ ਵੱਲੋਂ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਪ੍ਰਣਾਲੀ ਦਾ ਪ੍ਰਬੰਧ ਕਰਦਾ ਹੈ, ਜਿਸ ਵਿੱਚ My Aged Care ਸੇਵਾ ਵੀ ਸ਼ਾਮਲ ਹੈ।

My Aged Care ਤੁਹਾਨੂੰ ਬਿਰਧ ਦੇਖਭਾਲ ਪ੍ਰਣਾਲੀ ਬਾਰੇ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ। ਇਸ ਵਿੱਚ ਸ਼ਾਮਲ ਹਨ:

- ਸੰਪਰਕ ਕੇਂਦਰ – ਫ਼ੋਨ 1800 200 422 (ਇਸਨੂੰ 'ਸੰਪਰਕ ਕੇਂਦਰ' ਕਿਹਾ ਜਾਂਦਾ ਹੈ);
- My Aged Care ਵੈੱਬਸਾਈਟ – myagedcare.gov.au (ਇਸਨੂੰ 'ਵੈੱਬਸਾਈਟ' ਕਿਹਾ ਜਾਂਦਾ ਹੈ);
- Services Australia ਵਿੱਚ ਮੌਜੂਦ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ।

ਇਹ ਗੁਪਤਤਾ ਨੀਤੀ ਸਮਝਾਉਂਦੀ ਹੈ ਕਿ My Aged Care ਸੇਵਾ ਪ੍ਰਦਾਨ ਕਰਨ ਲਈ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਵਰਤਦੇ ਅਤੇ ਸੰਭਾਲਦੇ ਹਾਂ।

ਅਸੀਂ *Privacy Act 1988* [ਗੁਪਤਤਾ ਕਾਨੂੰਨ *1988*] ਅਤੇ Australian Privacy Principles (**APPs**) [ਆਸਟ੍ਰੇਲੀਆਈ ਗੁਪਤਤਾ ਸਿਧਾਂਤਾਂ] ਦੇ ਅਨੁਸਾਰ ਤੁਹਾਡੀ ਗੁਪਤਤਾ ਦੀ ਸੁਰੱਖਿਆ ਕਰਨ ਲਈ ਵਚਨਬੱਧ ਹਾਂ।

## ਅਸੀਂ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦੇ ਹਾਂ?

ਅਸੀਂ ਨਿੱਜੀ ਜਾਣਕਾਰੀ ਇਸ ਲਈ ਇਕੱਠੀ ਕਰਦੇ ਹਾਂ ਤਾਂ ਜੋ ਸਰਕਾਰੀ ਫੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਆਸਾਨ ਬਣਾਈ ਜਾ ਸਕੇ ਅਤੇ ਬਿਰਧ ਦੇਖਭਾਲ ਕਾਨੂੰਨ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਜਾ ਸਕਣ। ਇਸ ਵਿੱਚ ਹੇਠ ਲਿਖੇ ਕਾਰਨਾਂ ਲਈ ਨਿੱਜੀ ਜਾਣਕਾਰੀ ਇਕੱਠੀ ਕਰਨਾ ਸ਼ਾਮਲ ਹੋ ਸਕਦਾ ਹੈ, ਤਾਂ ਜੋ ਅਸੀਂ:

- ਬਿਰਧ ਦੇਖਭਾਲ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਦੇ ਸਕੀਏ, My Aged Care ਦੇ ਰਿਕਾਰਡ ਤਿਆਰ ਕਰ ਸਕੀਏ ਅਤੇ ਬਿਰਧ ਵਿਅਕਤੀਆਂ ਅਤੇ ਉਨ੍ਹਾਂ ਦੇ ਸਹਾਇਕਾਂ ਲਈ Aged Care ID ਜਾਰੀ ਕਰ ਸਕੀਏ
- ਸਹਾਇਕਾਂ ਨੂੰ ਰਜਿਸਟਰ ਕਰ ਸਕੀਏ ਅਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਦਾ ਪ੍ਰਬੰਧ ਕਰ ਸਕੀਏ
- ਅਰਜ਼ੀਆਂ ਪ੍ਰਾਪਤ ਕਰ ਸਕੀਏ ਅਤੇ ਫੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਲਈ ਯੋਗਤਾ ਦਾ ਫ਼ੈਸਲਾ ਕਰ ਸਕੀਏ
- ਬਿਰਧ ਦੇਖਭਾਲ ਦੀਆਂ ਲੋੜਾਂ ਦਾ ਮੁਲਾਂਕਣ ਪੂਰਾ ਕਰ ਸਕੀਏ
- ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਕੋਲ ਰੈਫ਼ਰਲ ਭੇਜ ਸਕੀਏ

- ਬਿਰਧ ਦੇਖਭਾਲ ਸੇਵਾਵਾਂ ਲਈ ਤੁਹਾਡੀ ਤਰਜੀਹ ਨਿਰਧਾਰਤ ਕਰ ਸਕੀਏ
- My Aged Care ਦੇ ਔਨਲਾਈਨ ਖਾਤੇ ਤੱਕ ਪਹੁੰਚ ਪ੍ਰਦਾਨ ਕਰ ਸਕੀਏ (ਜੋ myGov ਰਾਹੀਂ ਵਰਤਿਆ ਜਾ ਸਕਦਾ ਹੈ)।
- ਸ਼ਿਕਾਇਤਾਂ ਅਤੇ ਫੀਡਬੈਕ ਦਾ ਪ੍ਰਬੰਧ ਕਰ ਸਕੀਏ
- ਸੇਵਾਵਾਂ ਵਿੱਚ ਸੁਧਾਰ ਕਰ ਸਕੀਏ।

ਆਮ ਤੌਰ 'ਤੇ, ਸਾਡੇ ਵਲੋਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨਾ *Aged Care Act 2024* ਦੇ ਤਹਿਤ ਅਧਿਕਾਰਤ ਹੈ।

ਜਦੋਂ ਤੁਸੀਂ ਸਾਡੀ ਵੈੱਬਸਾਈਟ ਦੀ ਵਰਤੋਂ ਕਰਦੇ ਹੋ, ਉਸ ਸਮੇਂ ਅਸੀਂ ਕਿਹੜੀ ਜਾਣਕਾਰੀ ਇਕੱਠੀ ਕਰਦੇ ਹਾਂ, ਇਸ ਬਾਰੇ ਹੋਰ ਵੇਰਵਿਆਂ ਲਈ ਸਾਡੀ ਵੈੱਬਸਾਈਟ ਗੁਪਤਤਾ ਸਟੇਟਮੈਂਟ ਵੇਖੋ।

## ਅਸੀਂ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ?

ਜਦੋਂ ਤੁਸੀਂ My Aged Care ਰਾਹੀਂ ਸਾਡੇ ਨਾਲ ਸੰਪਰਕ ਕਰਦੇ ਹੋ, ਤਾਂ ਅਸੀਂ ਤੁਹਾਡੇ ਤੋਂ ਇਸ ਤਰ੍ਹਾਂ ਜਾਣਕਾਰੀ ਇਕੱਠੀ ਕਰਦੇ ਹਾਂ:

- Services Australia ਸੇਵਾ ਕੇਂਦਰ 'ਤੇ ਸਾਡੇ ਕੋਲ ਆਉਣ ਦੁਆਰਾ
- ਸਾਨੂੰ ਫ਼ੋਨ ਕਰਨ, ਈਮੇਲ ਭੇਜਣ ਜਾਂ ਡਾਕ ਰਾਹੀਂ ਜਾਣਕਾਰੀ ਭੇਜਣ ਦੁਆਰਾ
- ਸਾਡੇ ਨਾਲ ਔਨਲਾਈਨ ਗੱਲਬਾਤ ਕਰਕੇ, ਜਿਸ ਵਿੱਚ ਤੁਸੀਂ ਰੈਫ਼ਰਲ ਜਾਂ ਅਰਜ਼ੀ ਫਾਰਮ ਜਮ੍ਹਾਂ ਕਰਦੇ ਹੋ ਜਾਂ ਆਪਣੇ ਔਨਲਾਈਨ ਖਾਤੇ ਤੱਕ ਪਹੁੰਚ ਕਰਦੇ ਹੋ।

ਅਸੀਂ ਤੁਹਾਡੇ ਤੋਂ ਤੁਹਾਡੀ ਜਾਣਕਾਰੀ ਇੱਕ ਮੁਲਾਂਕਣ ਸੰਸਥਾ ਰਾਹੀਂ ਵੀ ਇਕੱਠੀ ਕਰਦੇ ਹਾਂ, ਜਦੋਂ ਲੋੜਾਂ ਦਾ ਮੁਲਾਂਕਣ ਕਰਨ ਵਾਲਾ ਵਿਅਕਤੀ ਤੁਹਾਡੇ ਨਾਲ ਇੰਟਰਵਿਊ ਕਰਦਾ ਹੈ ਅਤੇ ਤੁਹਾਡੇ ਜਾਂ ਕਿਸੇ ਹੋਰ ਵਿਅਕਤੀ ਲਈ ਲੋੜੀਂਦੀਆਂ ਸੇਵਾਵਾਂ ਬਾਰੇ ਪੁੱਛਦਾ ਹੈ।

ਅਸੀਂ My Aged Care ਨਾਲ ਤੁਹਾਡੇ ਅਨੁਭਵ ਬਾਰੇ ਤੁਹਾਡੇ ਤੋਂ ਸਰਵੇਖਣ ਰਾਹੀਂ ਵੀ ਜਾਣਕਾਰੀ ਇਕੱਠੀ ਕਰ ਸਕਦੇ ਹਾਂ।

### *ਹੋਰ ਲੋਕਾਂ ਤੋਂ ਜਾਣਕਾਰੀ ਇਕੱਠੀ ਕਰਨਾ*

ਅਸੀਂ ਤੁਹਾਡੀ ਜਾਣਕਾਰੀ ਦੂਜੇ ਲੋਕਾਂ ਤੋਂ ਵੀ ਇਕੱਠੀ ਕਰਦੇ ਹਾਂ:

- ਤੁਹਾਡੀ ਸਹਿਮਤੀ ਨਾਲ, ਜਿਸ ਵਿੱਚ ਤੁਹਾਡੇ ਸਹਾਇਕ ਤੋਂ ਜਾਣਕਾਰੀ ਲੈਣਾ ਵੀ ਸ਼ਾਮਲ ਹੈ
- ਕਾਨੂੰਨ ਅਧੀਨ ਅਧਿਕਾਰ ਹੋਣ 'ਤੇ, ਜਿਵੇਂ ਕਿ ਕਿਸੇ ਸਰਗਰਮ ਅਤੇ ਨਿਯੁਕਤ ਕੀਤੇ ਫ਼ੈਸਲਾ ਲੈਣ ਵਾਲੇ ਵਿਅਕਤੀ ਤੋਂ
- GP, ਬਿਰਧ ਦੇਖਭਾਲ ਪ੍ਰਦਾਤਾਵਾਂ ਜਾਂ ਹੋਰ ਸਿਹਤ ਪੇਸ਼ੇਵਰਾਂ ਵੱਲੋਂ ਦਿੱਤੇ ਗਏ ਰੈਫ਼ਰਲਾਂ ਰਾਹੀਂ।

ਜੇਕਰ ਤੁਸੀਂ ਇੱਕ ਸਹਾਇਕ ਹੋ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਇਨ੍ਹਾਂ ਤੋਂ ਵੀ ਇਕੱਠੀ ਕਰ ਸਕਦੇ ਹਾਂ:

- ਉਸ ਵਿਅਕਤੀ ਤੋਂ, ਜਿਸ ਦੀ ਤੁਸੀਂ ਸਹਾਇਤਾ ਕਰਦੇ ਹੋ

- ਹੋਰ ਲੋਕਾਂ ਜਾਂ ਸੰਸਥਾਵਾਂ ਤੋਂ, ਜਿਨ੍ਹਾਂ ਕੋਲ ਤੁਹਾਡੀ ਯੋਗਤਾ ਜਾਂ ਉਚਿਤਤਾ ਬਾਰੇ ਜਾਣਕਾਰੀ ਹੋ ਸਕਦੀ ਹੈ ਕਿ ਤੁਸੀਂ ਸਹਾਇਕ ਬਣਨ ਲਈ ਢੁੱਕਵੇਂ ਹੋ ਜਾਂ ਨਹੀਂ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਉਸ ਸਥਿਤੀ ਵਿੱਚ ਵੀ ਇਕੱਠੀ ਕਰਦੇ ਹਾਂ, ਜੇਕਰ ਤੁਸੀਂ Australian Death Notification Service [ਆਸਟ੍ਰੇਲੀਅਨ ਡੈਥ ਨੋਟੀਫਿਕੇਸ਼ਨ ਸਰਵਿਸ] ਰਾਹੀਂ ਕਿਸੇ ਵਿਅਕਤੀ ਦੀ ਮੌਤ ਬਾਰੇ ਵਿਭਾਗ ਨੂੰ ਸੂਚਿਤ ਕਰਨ ਦੀ ਚੋਣ ਕੀਤੀ ਹੋਵੇ। ਤੁਸੀਂ ਉਸ ਸੇਵਾ ਲਈ ਗੁਪਤਤਾ ਨੋਟਿਸ ਇੱਥੇ ਵੇਖ ਸਕਦੇ ਹੋ, ਜਾਂ Australian Death Notification Service ਦੀ ਵੈੱਬਸਾਈਟ 'ਤੇ ਜਾ ਸਕਦੇ ਹੋ।

## ਅਸੀਂ ਕਿਸ ਕਿਸਮ ਦੀ ਨਿੱਜੀ ਜਾਣਕਾਰੀ ਇਕੱਠੀ ਕਰਦੇ ਅਤੇ ਸੰਭਾਲ ਕੇ ਰੱਖਦੇ ਹਾਂ?

ਅਸੀਂ ਵੱਖ-ਵੱਖ ਲੋਕਾਂ ਬਾਰੇ ਨਿੱਜੀ ਜਾਣਕਾਰੀ ਇਕੱਠੀ ਕਰਦੇ ਹਾਂ।

### *ਬਿਰਧ ਵਿਅਕਤੀ, ਜੋ ਬਿਰਧ ਦੇਖਭਾਲ ਸੇਵਾਵਾਂ ਲੈਣਾ ਚਾਹੁੰਦੇ ਹਨ*

ਅਸੀਂ ਤੁਹਾਡੇ ਬਾਰੇ ਇਹ ਜਾਣਕਾਰੀ ਇਕੱਠੀ ਕਰਦੇ ਹਾਂ:

- ਨਾਮ
- ਜਨਮ ਮਿਤੀ
- ਸੰਪਰਕ ਵੇਰਵੇ (ਪਤਾ, ਈਮੇਲ, ਫ਼ੋਨ ਨੰਬਰ)
- ਜਨਸੰਖਿਆ ਸੰਬੰਧੀ ਜਾਣਕਾਰੀ (ਜਿਵੇਂ ਕਿ ਲਿੰਗ)
- ਪਹਿਚਾਣ ਸੰਬੰਧੀ ਵੇਰਵੇ (ਜਿਵੇਂ Medicare ਨੰਬਰ, ਸਿਹਤ ਸੰਭਾਲ ਪਛਾਣਕਰਤਾ, ਏਜ਼ਡ ਕੇਅਰ ID)
- ਅਰਜ਼ੀਆਂ, ਸਹਿਮਤੀਆਂ ਅਤੇ ਸਹਾਇਕਾਂ ਨਾਲ ਸੰਬੰਧਿਤ ਜਾਣਕਾਰੀ

ਅਸੀਂ ਤੁਹਾਡੀ ਸਿਹਤ, ਅਪਾਹਜਤਾਵਾਂ, ਨਸਲੀ ਪਿਛੋਕੜ ਅਤੇ ਕਾਮੁਕ ਰੁਝਾਨ ਬਾਰੇ ਸੰਵੇਦਨਸ਼ੀਲ ਜਾਣਕਾਰੀ ਵੀ ਇਕੱਠੀ ਕਰ ਸਕਦੇ ਹਾਂ।

### *ਸਹਾਇਕ ਅਤੇ ਰੈਫ਼ਰ ਕਰਨ ਵਾਲੇ ਵਿਅਕਤੀ*

ਅਸੀਂ ਤੁਹਾਡੇ ਬਾਰੇ ਇਹ ਜਾਣਕਾਰੀ ਇਕੱਠੀ ਕਰਦੇ ਹਾਂ:

- ਨਾਮ
- ਜਨਮ ਮਿਤੀ
- ਲਿੰਗ
- ਸੰਪਰਕ ਵੇਰਵੇ (ਪਤਾ, ਈਮੇਲ, ਫ਼ੋਨ ਨੰਬਰ)
- ਬਿਰਧ ਵਿਅਕਤੀ ਨਾਲ ਤੁਹਾਡਾ ਰਿਸ਼ਤਾ

- ਕਾਰਵਾਈਆਂ (ਜਿਵੇਂ ਰੈਫ਼ਰਲ ਦੇਣਾ ਜਾਂ ਸਹਾਇਕ ਦੇ ਤੌਰ 'ਤੇ ਅਰਜ਼ੀ ਦੇਣਾ)।

ਸਹਾਇਕਾਂ ਅਤੇ ਸਰਗਰਮ, ਨਿਯੁਕਤ ਫ਼ੈਸਲਾ ਲੈਣ ਵਾਲੇ ਵਿਅਕਤੀਆਂ ਲਈ ਅਸੀਂ ਇਹ ਜਾਣਕਾਰੀ ਵੀ ਇਕੱਠੀ ਕਰ ਸਕਦੇ ਹਾਂ:

- ਸੰਬੰਧਿਤ ਬਿਰਧ ਵਿਅਕਤੀ ਨਾਲ ਤੁਹਾਡੇ ਰਿਸ਼ਤੇ ਬਾਰੇ ਜਾਣਕਾਰੀ
- ਸਹਾਇਕ ਬਣਨ ਲਈ ਤੁਹਾਡੀ ਯੋਗਤਾ ਜਾਂ ਕਾਨੂੰਨੀ ਸਮਰੱਥਾ
- ਬਿਰਧ ਵਿਅਕਤੀ ਦੀ ਤਰਫ਼ੋਂ ਕੰਮ ਕਰਨ ਦੀ ਤੁਹਾਡੀ ਕਾਨੂੰਨੀ ਸਮਰੱਥਾ।

### *ਉਹ ਬਿਰਧ ਦੇਖਭਾਲ ਪ੍ਰਦਾਤਾ, ਜੋ ਇਕੱਲੇ ਵਪਾਰੀ ਹਨ*

- ਨਾਮ
- ਸੰਪਰਕ ਵੇਰਵੇ (ਪਤਾ, ਈਮੇਲ, ਫ਼ੋਨ ਨੰਬਰ)

## ਕੀ ਤੁਹਾਨੂੰ ਆਪਣੀ ਪਹਿਚਾਣ ਲਾਜ਼ਮੀ ਦੱਸਣੀ ਪਵੇਗੀ?

ਜਦੋਂ ਤੁਸੀਂ ਸਾਡੇ ਨਾਲ ਸੰਪਰਕ ਕਰਦੇ ਹੋ, ਤਾਂ ਤੁਸੀਂ ਆਪਣੀ ਪਹਿਚਾਣ ਨਾ ਦੱਸਣ ਜਾਂ ਕੋਈ ਹੋਰ ਨਾਮ ਵਰਤਣ ਦੀ ਚੋਣ ਕਰ ਸਕਦੇ ਹੋ।

ਉਦਾਹਰਨ ਵਜੋਂ, ਜਦੋਂ ਤੁਸੀਂ ਪੁੱਛਗਿੱਛ ਕਰਨ ਲਈ ਸੰਪਰਕ ਕੇਂਦਰ 'ਤੇ ਫ਼ੋਨ ਕਰਦੇ ਹੋ, ਤਾਂ ਤੁਸੀਂ ਗਾਹਕ ਸਹਾਇਤਾ ਮਾਹਰ ਨੂੰ ਸੂਚਿਤ ਕਰ ਸਕਦੇ ਹੋ ਕਿ ਤੁਸੀਂ ਆਪਣਾ ਨਾਮ ਨਹੀਂ ਦੇਣਾ ਚਾਹੁੰਦੇ ਹੋ। ਹਾਲਾਂਕਿ, ਤੁਹਾਡੇ ਨਾਮ ਅਤੇ ਨਿੱਜੀ ਜਾਣਕਾਰੀ ਤੋਂ ਬਿਨਾਂ, ਅਸੀਂ ਤੁਹਾਨੂੰ ਬਿਰਧ ਦੇਖਭਾਲ ਬਾਰੇ ਸਿਰਫ਼ ਆਮ ਜਾਣਕਾਰੀ ਹੀ ਦੇ ਸਕਦੇ ਹਾਂ। ਅਸੀਂ ਹੋਰ ਸੇਵਾਵਾਂ ਪ੍ਰਦਾਨ ਕਰਨ ਦੇ ਯੋਗ ਨਹੀਂ ਹੋਵਾਂਗੇ, ਜਿਵੇਂ ਕਿ ਤੁਹਾਨੂੰ My Aged Care ਲਈ ਰਜਿਸਟਰ ਕਰਨਾ ਜਾਂ ਸਰਕਾਰੀ ਫੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨਾ।

## ਅਸੀਂ ਨਿੱਜੀ ਜਾਣਕਾਰੀ ਨੂੰ ਕਿਵੇਂ ਵਰਤਦੇ ਅਤੇ ਅੱਗੇ ਸਾਂਝੀ ਕਰਦੇ ਹਾਂ?

ਅਸੀਂ ਤੁਹਾਡੀ ਜਾਣਕਾਰੀ ਨੂੰ ਉਸ ਉਦੇਸ਼ ਲਈ ਵਰਤਾਂਗੇ ਅਤੇ ਅੱਗੇ ਸਾਂਝੀ ਕਰਾਂਗੇ ਜਿਸ ਲਈ ਅਸੀਂ ਇਸਨੂੰ ਇਕੱਠਾ ਕੀਤਾ ਹੈ (ਭਾਵ ਤੁਹਾਨੂੰ ਸਰਕਾਰੀ ਫੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਦੇਣ ਲਈ)। ਇਸ ਵਿੱਚ ਇਹ ਕੰਮ ਸ਼ਾਮਲ ਹੋ ਸਕਦੇ ਹਨ:

- ਤੁਹਾਡੇ ਨਾਲ ਸੰਪਰਕ ਕਰਨਾ ਅਤੇ ਤੁਹਾਨੂੰ ਜਾਣਕਾਰੀ ਭੇਜਣਾ
- ਤੁਹਾਡਾ My Aged Care ਔਨਲਾਈਨ ਖਾਤਾ ਬਣਾਉਣਾ ਅਤੇ ਉਸ ਤੱਕ ਪਹੁੰਚ ਪ੍ਰਦਾਨ ਕਰਨਾ(myGov ਰਾਹੀਂ)
- ਬਿਰਧ ਦੇਖਭਾਲ ਸੇਵਾਵਾਂ ਲਈ ਤੁਹਾਡੀ ਯੋਗਤਾ ਦੀ ਜਾਂਚ ਕਰਨਾ
- ਸੇਵਾਵਾਂ ਲਈ ਤੁਹਾਡੀਆਂ ਲੋੜਾਂ ਦਾ ਮੁਲਾਂਕਣ ਕਰਨ ਲਈ ਮੁਲਾਂਕਣਕਰਤਾ ਦਾ ਪ੍ਰਬੰਧ ਕਰਨਾ
- ਤੁਹਾਨੂੰ ਬਿਰਧ ਦੇਖਭਾਲ ਸੇਵਾਵਾਂ ਲਈ ਮੰਨਜ਼ੂਰੀ ਦੇਣਾ

- ਤੁਹਾਨੂੰ ਮਦਦ ਲਈ ਹੋਰ ਲੋਕਾਂ ਜਾਂ ਸੰਸਥਾਵਾਂ ਕੋਲ ਭੇਜਣਾ (ਜਿਵੇਂ ਕਿ ਜੇਕਰ ਤੁਹਾਨੂੰ ਬਿਰਧ ਦੇਖਭਾਲ ਸੇਵਾਵਾਂ ਬਾਰੇ ਕੋਈ ਚਿੰਤਾ ਹੈ ਤਾਂ Aged Care Quality and Safety Commission [ਬਜ਼ੁਰਗ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ] ਕੋਲ ਭੇਜਣਾ)
- Services Australia ਨਾਲ ਜਾਣਕਾਰੀ ਸਾਂਝੀ ਕਰਨਾ ਤਾਂ ਜੋ ਬਿਰਧ ਦੇਖਭਾਲ ਸੇਵਾਵਾਂ ਦਿੱਤੀਆਂ ਜਾ ਸਕਣ, ਜਿਸ ਵਿੱਚ ਪ੍ਰਦਾਤਾਵਾਂ ਨੂੰ ਭੁਗਤਾਨ ਕਰਨਾ ਅਤੇ ਬਿਰਧ ਦੇਖਭਾਲ ਸੇਵਾ ਲੈਣ ਵਾਲੇ ਗਾਹਕਾਂ ਦੇ ਬਜਟ ਦੀ ਦੇਖਭਾਲ ਸ਼ਾਮਲ ਹੈ

ਜੇਕਰ ਤੁਸੀਂ ਕਿਸੇ ਬਿਰਧ ਵਿਅਕਤੀ ਦੇ ਸਹਾਇਕ ਹੋ, ਤਾਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਈ ਉਦੇਸ਼ਾਂ ਲਈ ਵਰਤ ਅਤੇ ਅੱਗੇ ਸਾਂਝਾ ਕਰ ਸਕਦੇ ਹਾਂ, ਜਿਵੇਂ ਕਿ:

- ਇਹ ਜਾਂਚਣ ਲਈ ਕਿ ਤੁਸੀਂ Aged Care Act ਦੇ ਅਧੀਨ ਸਹਾਇਕ ਬਣਨ ਲਈ ਯੋਗਤਾ ਰੱਖਦੇ ਹੋ ਜਾਂ ਨਹੀਂ
- ਕਿਸੇ ਬਿਰਧ ਵਿਅਕਤੀ ਦੇ ਸਹਾਇਕ ਵਜੋਂ ਆਪਣੀ ਰਜਿਸਟ੍ਰੇਸ਼ਨ ਦਾ ਪ੍ਰਬੰਧਨ ਕਾਰਨ ਲਈ, ਜਿਸ ਵਿੱਚ ਤੁਹਾਡੀ ਸਮਰੱਥਾ ਅਤੇ ਸਹਾਇਕ ਬਣਨ ਦੀ ਯੋਗਤਾ ਦੀ ਜਾਂਚ ਕਰਨਾ, ਅਤੇ ਲੋੜ ਅਨੁਸਾਰ ਰਜਿਸਟ੍ਰੇਸ਼ਨਾਂ ਨੂੰ ਰਜਿਸਟਰ ਕਰਨਾ ਅਤੇ ਮੁਅੱਤਲ ਕਰਨਾ ਅਤੇ ਰੱਦ ਕਰਨਾ ਸ਼ਾਮਲ ਹੈ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਹੇਠ ਲਿਖੇ ਤਰੀਕਿਆਂ ਨਾਲ ਵੀ ਵਰਤ ਅਤੇ ਅੱਗੇ ਸਾਂਝੀ ਕਰ ਸਕਦੇ ਹਾਂ:

- ਤੁਹਾਡੀ ਸਹਿਮਤੀ ਨਾਲ
- ਸੇਵਾਵਾਂ ਵਿੱਚ ਸੁਧਾਰ ਕਰਨ ਲਈ (ਉਦਾਹਰਨ ਵਜੋਂ, ਤੁਹਾਡੇ ਤੋਂ ਫੀਡਬੈਕ ਲੈਣ ਲਈ)
- ਜਿੱਥੇ Aged Care Act ਦੇ ਤਹਿਤ ਆਗਿਆ ਦਿੱਤੀ ਗਈ ਹੋਵੇ।

## *ਅਸੀਂ ਕਿਸ ਨਾਲ ਨਿੱਜੀ ਜਾਣਕਾਰੀ ਸਾਂਝੀ ਕਰਦੇ ਹਾਂ?*

ਅਸੀਂ ਤੁਹਾਡੀ ਜਾਣਕਾਰੀ ਇਨ੍ਹਾਂ ਨਾਲ ਸਾਂਝੀ ਕਰ ਸਕਦੇ ਹਾਂ:

- ਸਹਾਇਕ ਅਤੇ ਸਰਗਰਮ, ਨਿਯੁਕਤ ਕੀਤੇ ਫ਼ੈਸਲਾ ਲੈਣ ਵਾਲੇ ਵਿਅਕਤੀ ਨਾਲ
- ਮੁਲਾਂਕਣਕਰਤਾ ਨਾਲ
- ਬਿਰਧ ਦੇਖਭਾਲ ਪ੍ਰਦਾਤਾ ਨਾਲ
- ਰਿਹਾਇਸ਼ੀ ਬਿਰਧ ਦੇਖਭਾਲ ਸੇਵਾਵਾਂ ਨਾਲ
- Services Australia
- Aged Care Quality and Safety Commission
- Department of Veterans' Affairs [ਸਾਬਕਾ ਫੌਜੀ ਮਾਮਲਿਆਂ ਦਾ ਵਿਭਾਗ]
- National Disability Insurance Agency [ਰਾਸ਼ਟਰੀ ਅਪੰਗਤਾ ਬੀਮਾ ਏਜੰਸੀ]

- ਹਸਪਤਾਲ ਜਾਂ ਸਿਹਤ ਪੇਸ਼ੇਵਰ ਨਾਲ
- ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਕਰਮਚਾਰੀਆਂ ਨਾਲ
- ਕੌਮਨਵੈਲਥ, ਰਾਜ ਅਤੇ ਟੈਰੀਟਰੀ ਦੀਆਂ ਸੰਸਥਾਵਾਂ ਨਾਲ, ਜੋ ਕਾਨੂੰਨੀ ਨੁਮਾਇੰਦਗੀ ਦੇ ਪ੍ਰਬੰਧਾਂ ਲਈ ਜ਼ਿੰਮੇਵਾਰ ਹਨ, (ਅਰਥਾਤ ਨਿਯੁਕਤ ਕੀਤੇ ਫ਼ੈਸਲਾ ਲੈਣ ਵਾਲੇ ਵਿਅਕਤੀ)

ਅਸੀਂ ਤੁਹਾਡੀ ਸਹਿਮਤੀ ਨਾਲ, ਜਾਂ ਜਿੱਥੇ ਕਾਨੂੰਨ ਅਧੀਨ ਅਧਿਕਾਰ ਹੋਵੇ, ਤੁਹਾਡੇ ਸਹਾਇਕ/ਸਹਾਇਕਾਂ ਨੂੰ ਉਨ੍ਹਾਂ ਦੇ My Aged Care ਔਨਲਾਈਨ ਖਾਤੇ ਰਾਹੀਂ ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰਨ ਦੀ ਆਗਿਆ ਦੇਵਾਂਗੇ।

## My Health Record

ਤੁਹਾਡੀ ਸਹਿਮਤੀ ਨਾਲ, ਅਸੀਂ ਤੁਹਾਡੀ ਜਾਣਕਾਰੀ ਤੁਹਾਡੇ My Health Record [ਮੇਰਾ ਸਿਹਤ ਰਿਕਾਰਡ] ਵਿੱਚ ਸ਼ਾਮਲ ਕਰਾਂਗੇ। ਇੱਕ ਵਾਰ ਜਾਣਕਾਰੀ ਸ਼ਾਮਲ ਹੋ ਜਾਣ 'ਤੇ, ਸਿਹਤ ਪੇਸ਼ੇਵਰ ਤੁਹਾਡੀ ਜਾਣਕਾਰੀ ਤੁਹਾਡੇ My Health Record ਵਿੱਚ ਦੇਖ ਸਕਣਗੇ। ਤੁਸੀਂ ਇਹ ਸੀਮਾ ਤੈਅ ਕਰ ਸਕਦੇ ਹੋ ਕਿ ਕਿਹੜੇ ਦਸਤਾਵੇਜ਼ਾਂ ਤੱਕ ਸਿਹਤ ਪੇਸ਼ੇਵਰਾਂ ਨੂੰ ਪਹੁੰਚ ਹੋਵੇ। ਤੁਸੀਂ ਸਿਹਤ ਪੇਸ਼ੇਵਰਾਂ ਲਈ ਆਪਣੀ ਜਾਣਕਾਰੀ ਤੱਕ ਪਹੁੰਚ ਕਰਨ ਲਈ ਆਪਣੀ ਸਹਿਮਤੀ ਕਿਸੇ ਵੀ ਸਮੇਂ ਵਾਪਸ ਲੈ ਸਕਦੇ ਹੋ।

## *ਕੀ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਵਿਦੇਸ਼ਾਂ ਵਿੱਚ ਭੇਜਾਂਗੇ?*

ਆਮ ਤੌਰ 'ਤੇ, ਅਸੀਂ ਤੁਹਾਡੀ ਨਿੱਜੀ ਜਾਣਕਾਰੀ ਸਿਰਫ਼ ਤਾਂ ਹੀ ਵਿਦੇਸ਼ੀ ਪ੍ਰਾਪਤਕਰਤਾਵਾਂ ਨੂੰ ਖੁਲਾਸਾ ਕਰਾਂਗੇ, ਜਦੋਂ ਤੁਸੀਂ, ਤੁਹਾਡਾ ਸਹਾਇਕ ਜਾਂ ਕਿਸੇ ਗਾਹਕ ਦੇ ਹੋਰ ਸਹਾਇਕ ਜਿਸ ਦੀ ਤੁਸੀਂ ਸਹਾਇਤਾ ਕਰ ਰਹੇ ਹੁੰਦੇ ਹੋ, ਵਿਦੇਸ਼ ਵਿੱਚ ਹੁੰਦੇ ਹੋ ਅਤੇ ਜਦੋਂ: ਆਪਣੇ My Aged Care ਔਨਲਾਈਨ ਖਾਤੇ ਰਾਹੀਂ ਆਪਣੀ ਜਾਣਕਾਰੀ ਤੱਕ ਪਹੁੰਚ ਕਰ ਰਹੇ ਹੁੰਦੇ ਹੋ,ਸਾਨੂੰ ਫ਼ੋਨ ਕਰਕੇ ਆਪਣੀਆਂ ਬਿਰਧ ਦੇਖਭਾਲ ਸੇਵਾਵਾਂ ਬਾਰੇ ਗੱਲ ਕਰ ਰਹੇ ਹੁੰਦੇ ਹੋ, ਜਾਂ ਈਮੇਲ ਜਾਂ SMS ਰਾਹੀਂ ਸਾਡੇ ਤੋਂ ਜਾਣਕਾਰੀ ਪ੍ਰਾਪਤ ਕਰ ਰਹੇ ਹੁੰਦੇ ਹੋ। ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਸੇ ਵਿਦੇਸ਼ੀ ਸੰਸਥਾ ਨਾਲ ਉਸ ਸਥਿਤੀ ਵਿੱਚ ਵੀ ਸਾਂਝੀ ਕਰ ਸਕਦੇ ਹਾਂ ਜਿੱਥੇ ਇਹ ਆਸਟ੍ਰੇਲੀਆਈ ਕਾਨੂੰਨ ਜਾਂ ਅਦਾਲਤੀ ਹੁਕਮ ਅਧੀਨ ਲਾਜ਼ਮੀ ਹੋਵੇ, ਜਾਂ ਜੇਕਰ *Aged Care Act 2024* ਅਧੀਨ ਆਗਿਆ ਦਿੱਤੀ ਗਈ ਹੋਵੇ।

## ਅਸੀਂ ਨਿੱਜੀ ਜਾਣਕਾਰੀ ਕਿਵੇਂ ਸਟੋਰ ਕਰਦੇ ਹਾਂ?

ਜਦੋਂ ਤੁਸੀਂ My Aged Care ਨਾਲ ਰਜਿਸਟਰ ਕਰਦੇ ਹੋ, ਤਾਂ ਅਸੀਂ ਤੁਹਾਡੇ ਲਈ ਇੱਕ 'ਨਿੱਜੀ ਰਿਕਾਰਡ' ਤਿਆਰ ਕਰਦੇ ਹਾਂ ਅਤੇ ਤੁਹਾਨੂੰ ਇੱਕ ਵਿਲੱਖਣ Aged Care ID ਦਿੰਦੇ ਹਾਂ। ਅਸੀਂ ਤੁਹਾਡੀ ਬਿਰਧ ਦੇਖਭਾਲ ਯਾਤਰਾ ਨਾਲ ਸੰਬੰਧਿਤ ਸਾਰੀ ਜਾਣਕਾਰੀ ਤੁਹਾਡੇ ਨਿੱਜੀ ਰਿਕਾਰਡ ਵਿੱਚ ਸੰਭਾਲ ਕੇ ਰੱਖਦੇ ਹਾਂ। ਇਹ ਰਿਕਾਰਡ Privacy Act [ਗੁਪਤਤਾ ਕਾਨੂੰਨ] ਦੇ ਅਨੁਸਾਰ ਆਸਟ੍ਰੇਲੀਆ ਵਿੱਚ ਸਥਿਤ ਸੁਰੱਖਿਅਤ ਡਾਟਾ ਸਰਵਰਾਂ 'ਤੇ ਸਟੋਰ ਕੀਤਾ ਜਾਂਦਾ ਹੈ। ਇਹ ਪ੍ਰਣਾਲੀਆਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਤੁਹਾਡੀ ਜਾਣਕਾਰੀ ਸਹੀ ਰੱਖੀ ਗਈ ਹੈ, ਗੁਪਤ ਰੱਖੀ ਗਈ ਹੈ, ਅਤੇ ਸਿਰਫ਼ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਅਧਿਕਾਰਤ ਕਰਮਚਾਰੀਆਂ ਨੂੰ ਹੀ ਉਪਲਬਧ ਹੋਵੇ, ਜੋ ਤੁਹਾਡੇ ਰਿਕਾਰਡਾਂ ਦੇ ਪ੍ਰਬੰਧ ਨਾਲ ਜੁੜੇ ਹਨ।

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਦੁਰਵਰਤੋਂ ਅਤੇ ਗੁੰਮ ਹੋਣ ਤੋਂ, ਅਤੇ ਅਣ-ਅਧਿਕਾਰਤ ਪਹੁੰਚ, ਤਬਦੀਲ ਜਾਂ ਖੁਲਾਸੇ ਕੀਤੇ ਜਾਣ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਭੌਤਿਕ ਅਤੇ ਇਲੈਕਟ੍ਰਾਨਿਕ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਦੇ ਹਾਂ।

ਹੇਠਾਂ ਸਾਡੀਆਂ ਮੌਜੂਦਾ ਪ੍ਰਕਿਰਿਆਵਾਂ ਅਤੇ ਤਰੀਕਿਆਂ ਦਾ ਇੱਕ ਸੰਖੇਪ ਸਾਰ ਦਿੱਤਾ ਗਿਆ ਹੈ, ਜੋ ਜਾਣਕਾਰੀ ਨੂੰ ਸਟੋਰ ਕਰਨ ਅਤੇ ਸੁਰੱਖਿਅਤ ਰੱਖਣ ਲਈ ਵਰਤੇ ਜਾਂਦੇ ਹਨ:

- ਅਸੀਂ ਉਹਨਾਂ ਲੋਕਾਂ ਤੋਂ ਮੰਗ ਕਰਦੇ ਹਾਂ ਜੋ My Aged Care ਨਾਲ ਸੰਪਰਕ ਕਰਦੇ ਹਨ ਜਾਂ ਆਪਣੇ ਔਨਲਾਈਨ ਖਾਤੇ (ਜੋ MyGov ਰਾਹੀਂ ਖੋਲ੍ਹਿਆ ਜਾਂਦਾ ਹੈ) ਰਾਹੀਂ ਇਲੈਕਟ੍ਰਾਨਿਕ ਤੌਰ 'ਤੇ ਜਾਣਕਾਰੀ ਤੱਕ ਪਹੁੰਚ ਕਰਦੇ ਹਨ, ਕਿ ਉਹ ਪਛਾਣ ਦੀ ਪੁਸ਼ਟੀ ਅਤੇ ਸਹਿਮਤੀ ਪ੍ਰਕਿਰਿਆਵਾਂ ਨੂੰ ਪੂਰਾ ਕਰਨ।
- ਅਸੀਂ ਆਪਣੇ ਦਫ਼ਤਰਾਂ ਤੱਕ ਭੌਤਿਕ ਪਹੁੰਚ ਨੂੰ ਸੀਮਤ ਕਰਦੇ ਹਾਂ ਅਤੇ ਕੰਟੇਨਰ, ਫਾਇਰਵਾਲ, ਸੁਰੱਖਿਅਤ ਡੇਟਾਬੇਸ, ਸੁਰੱਖਿਅਤ ਔਨਲਾਈਨ ਭੁਗਤਾਨ ਪ੍ਰਣਾਲੀਆਂ, ਕੰਪਿਊਟਰ ਯੂਜ਼ਰ ਆਈਡੀ ਅਤੇ ਪਾਸਵਰਡ ਸਮੇਤ ਸਿਸਟਮ ਸੁਰੱਖਿਆ ਉਪਾਵਾਂ ਦੀ ਵਰਤੋਂ ਕਰਦੇ ਹਾਂ।
- ਸਿਰਫ਼ ਉਹੀ ਅਧਿਕਾਰਤ ਕਰਮਚਾਰੀ ਜਿਨ੍ਹਾਂ ਨੂੰ ਜਾਣਕਾਰੀ ਜਾਣਨ ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਸਾਡੇ ਕੋਲ ਰੱਖੀ ਗਈ ਜਾਣਕਾਰੀ ਤੱਕ ਪਹੁੰਚ ਕਰਨ ਦੀ ਆਗਿਆ ਹੁੰਦੀ ਹੈ।
- ਅਸੀਂ ਆਪਣੀਆਂ ਸਟੋਰੇਜ ਅਤੇ ਡੇਟਾ ਸੁਰੱਖਿਆ ਪ੍ਰਣਾਲੀਆਂ ਨੂੰ ਨਿਯਮਿਤ ਤੌਰ 'ਤੇ ਅੱਪਡੇਟ ਅਤੇ ਜਾਂਚ ਕਰਦੇ ਹਾਂ।
- ਤੀਜੀਆਂ ਧਿਰਾਂ ਨਾਲ ਸਾਡੇ ਕਰਾਰਨਾਮਿਆਂ ਵਿੱਚ ਇਹ ਸ਼ਰਤ ਹੁੰਦੀ ਹੈ ਕਿ ਉਹ ਵੀ ਉਨ੍ਹਾਂ ਹੀ ਗੁਪਤਤਾ ਸ਼ਰਤਾਂ ਦੀ ਪਾਲਣਾ ਕਰਨ, ਜੋ ਸਾਡੇ ਵਿਭਾਗ 'ਤੇ ਲਾਗੂ ਹੁੰਦੀਆਂ ਹਨ।

## ਤੁਸੀਂ ਆਪਣੀ ਨਿੱਜੀ ਜਾਣਕਾਰੀ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ ਅਤੇ ਉਸਨੂੰ ਠੀਕ ਕਰ ਸਕਦੇ ਹੋ?

ਇਹ ਮਹੱਤਵਪੂਰਨ ਹੈ ਕਿ ਤੁਹਾਡੀ ਨਿੱਜੀ ਜਾਣਕਾਰੀ ਸਹੀ, ਅੱਪ-ਟੂ-ਡੇਟ ਅਤੇ ਸੰਪੂਰਨ ਹੋਵੇ।

ਤੁਹਾਨੂੰ ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਦੀ ਬੇਨਤੀ ਕਰਨ ਦਾ ਅਤੇ ਉਸ ਵਿੱਚ ਸੋਧ ਦੀ ਬੇਨਤੀ ਕਰਨ ਦਾ ਪੂਰਾ ਅਧਿਕਾਰ ਹੈ।

ਤੁਸੀਂ ਆਪਣੇ My Aged Care ਔਨਲਾਈਨ ਖਾਤੇ ਦੀ ਵਰਤੋਂ ਕਰਕੇ ਆਪਣੀ ਨਿੱਜੀ ਜਾਣਕਾਰੀ ਤੱਕ ਖੁਦ ਪਹੁੰਚ ਕਰ ਸਕਦੇ ਹੋ ਅਤੇ ਸੁਧਾਰ ਕਰ ਸਕਦੇ ਹੋ। ਤੁਸੀਂ ਸਾਡੇ ਨਾਲ ਵੀ ਸੰਪਰਕ ਕਰ ਸਕਦੇ ਹੋ।

ਤੁਹਾਡੀ ਬੇਨਤੀ ਵਿੱਚ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਹੜੀ ਜਾਣਕਾਰੀ ਤੱਕ ਪਹੁੰਚ ਕਰਨੀ ਹੈ ਜਾਂ ਕਿਹੜੀ ਜਾਣਕਾਰੀ ਨੂੰ ਠੀਕ ਕਰਵਾਉਣਾ ਹੈ, ਅਤੇ ਨਾਲ ਹੀ ਆਪਣੇ ਸੰਪਰਕ ਵੇਰਵੇ ਦੇਣੇ ਚਾਹੀਦੇ ਹਨ, ਜਿਵੇਂ ਕਿ ਈਮੇਲ ਪਤਾ ਜਾਂ ਡਾਕ ਪਤਾ।

ਤੁਹਾਡੇ ਬੇਨਤੀ ਕਰਨ 'ਤੇ ਜਾਂ Privacy Act ਦੇ ਅਨੁਸਾਰ, ਅਸੀਂ ਤੁਹਾਨੂੰ ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰਾਂਗੇ ਜਾਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਠੀਕ ਕਰਨ ਲਈ ਵਾਜਬ ਕਦਮ ਚੁੱਕਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੀ ਨਿੱਜੀ ਜਾਣਕਾਰੀ ਸਹੀ, ਅੱਪ-ਟੂ-ਡੇਟ, ਸੰਪੂਰਨ, ਸੰਬੰਧਿਤ ਹੈ ਅਤੇ ਗੁੰਮਰਾਹਕੁੰਨ ਨਹੀਂ ਹੈ, ਇਹ ਸਭ ਕੁੱਝ Privacy Act ਦੇ ਅਧੀਨ ਲਾਗੂ ਹੋਣ ਵਾਲੀਆਂ ਕਿਸੇ ਵੀ ਛੋਟਾਂ ਦੇ ਅਧੀਨ ਕੀਤਾ ਜਾਵੇਗਾ।

ਜੇਕਰ ਤੁਸੀਂ ਸਾਡੇ ਦੁਆਰਾ ਦਿੱਤੇ ਗਏ ਜਵਾਬ ਤੋਂ ਨਾਖੁਸ਼ ਹੋ, ਤਾਂ ਤੁਸੀਂ Privacy Act ਦੇ ਤਹਿਤ ਨਿੱਜੀ ਜਾਣਕਾਰੀ ਤੱਕ ਪਹੁੰਚ ਜਾਂ ਉਸ ਵਿੱਚ ਸੋਧ ਕਰਨ ਲਈ ਇੱਕ ਰਸਮੀ ਅਰਜ਼ੀ ਦੇ ਸਕਦੇ ਹੋ।

## ਤੁਸੀਂ ਸਾਡੇ ਗੁਪਤਤਾ ਸੰਬੰਧੀ ਅਭਿਆਸਾਂ ਬਾਰੇ ਸ਼ਿਕਾਇਤ ਕਿਵੇਂ ਕਰਦੇ ਹੋ?

ਜੇਕਰ ਤੁਸੀਂ ਸਾਡੇ ਗੁਪਤਤਾ ਸੰਬੰਧੀ ਅਭਿਆਸਾਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਸਾਡੇ ਨਾਲ ਇਸ ਤਰ੍ਹਾਂ ਸੰਪਰਕ ਕਰਨਾ ਚਾਹੀਦਾ ਹੈ:

- ਸਾਨੂੰ 1800 200 422 ‘ਤੇ ਫ਼ੋਨ ਕਰਕੇ
- ਸਾਨੂੰ My Aged Care Complaints, PO Box 1237, Runaway Bay, QLD 4216 ‘ਤੇ ਲਿਖਤੀ ਸ਼ਿਕਾਇਤ ਭੇਜ ਕੇ।

ਅਸੀਂ 30 ਦਿਨਾਂ ਦੇ ਅੰਦਰ-ਅੰਦਰ ਤੁਹਾਡੀ ਸ਼ਿਕਾਇਤ ਦਾ ਜਵਾਬ ਦੇਣ ਦਾ ਟੀਚਾ ਰੱਖਾਂਗੇ। ਜੇਕਰ ਤੁਸੀਂ ਸਾਡੇ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ Privacy Commissioner [ਗੁਪਤਤਾ ਕਮਿਸ਼ਨਰ] ਨੂੰ ਲਿਖਤੀ ਸ਼ਿਕਾਇਤ ਕਰ ਸਕਦੇ ਹੋ। ਗੁਪਤਤਾ ਕਮਿਸ਼ਨਰ ਬਾਰੇ ਹੋਰ ਜਾਣਕਾਰੀ ਲਈ, Office of the Australian Information Commissioner ਦੀ ਵੈੱਬਸਾਈਟ [ਆਸਟ੍ਰੇਲੀਅਨ ਸੂਚਨਾ ਕਮਿਸ਼ਨਰ ਦੇ ਦਫ਼ਤਰ] (www.oaic.gov.au) ਵੇਖੋ ਜਾਂ 1300 363 992 ‘ਤੇ ਫ਼ੋਨ ਕਰੋ (ਲੋਕਲ ਕਾਲ ਚਾਰਜ ਲਾਗੂ ਹੋਵੇਗਾ)।

## ਸਾਡੇ ਨਾਲ ਸੰਪਰਕ ਕਰੋ

ਅਸੀਂ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦੇ ਹਾਂ, ਇਸ ਬਾਰੇ ਹੋਰ ਜਾਣਨ ਲਈ ਤੁਸੀਂ ਸਾਡੇ ਨਾਲ ਸੰਪਰਕ ਕਰੋ, ਜਾਂ ਪੂਰੇ ਵਿਭਾਗ 'ਤੇ ਲਾਗੂ ਹੋਣ ਵਾਲੀ ਗੁਪਤਤਾ ਨੀਤੀ ਪੜ੍ਹ ਸਕਦੇ ਹੋ।